Scottish Childcare
Your one stop shop for childcare information in Scotland

# ਪ੍ਰੀ-ਸਕੂਲ ਪੜ੍ਹਾਈ

**3 ਜਾਂ 4 ਸਾਲ ਦੇ ਆਪਣੇ ਬੱਚੇ ਲਈ ਪ੍ਰੀ-ਸਕੂਲ ਪੜ੍ਹਾਈ ਦੀ ਚੋਣ ਕਰਨਾ**

ਅਪਰੈਲ 2002 ਤੋਂ ਸਥਾਨਕ ਅਥਾਰਿਟੀਆਂ ਦਾ ਇੱਕ ਕਰਤਵ ਹੈ ਕਿ ਉਹ 3 ਅਤੇ 4 ਸਾਲ ਦੇ ਹਰ ਬੱਚੇ ਲਈ, ਜਿਸਦੇ ਮਾਤਾ-ਪਿਤਾ ਚਾਹੁਣ, ਫ਼ੰਡ ਪ੍ਰਾਪਤ ਪਾਰਟ-ਟਾਈਮ ਪ੍ਰੀ-ਸਕੂਲ ਪੜ੍ਹਾਈ ਲਈ ਸਥਾਨ ਯਕੀਨੀ ਬਣਾਏ। ਸਕਾਟਿਸ਼ ਐਗਜ਼ੈਕਟਿਵ (Scottish Executive) ਇਹ ਪੱਕ ਕਰਨਾ ਚਾਹੁੰਦੀ ਹੈ ਕਿ ਬੱਚੇ ਸਕੂਲ ਜਾਣ ਤੋਂ ਪਹਿਲਾਂ ਸਿੱਖਣ ਵਿੱਚ ਆਨੰਦ ਮਾਣਨ।

**ਫ਼ਾਇਦੇ:**

- ਫ਼ੰਡ ਪ੍ਰਾਪਤ ਪ੍ਰੀ-ਸਕੂਲ ਪੜ੍ਹਾਈ ਦੁਆਰਾ ਤੁਹਾਡੇ ਬੱਚੇ ਨੂੰ ਸਿੱਖਣ ਅਤੇ ਦੋਸਤਾਂ ਨਾਲ ਖੇਡਣ ਦਾ ਮੌਕਾ ਮਿਲੇਗਾ
- ਰਿਸਰਚ ਤੋਂ ਪਤਾ ਲਗਾ ਹੈ ਕਿ ਚੰਗੀ ਕੁਆਲਿਟੀ ਦੀ ਪ੍ਰੀ-ਸਕੂਲ ਪੜ੍ਹਾਈ ਨਾਲ ਬੱਚੇ ਦੇ ਵਿਕਾਸ ਵਿੱਚ ਮਦਦ ਮਿਲਦੀ ਹੈ
- ਤੁਸੀਂ ਮੁਫ਼ਤ ਪਾਰਟ-ਟਾਈਮ ਸਥਾਨ ਦੇ ਸਮੇਂ ਦੇ ਅਨੁਕੂਲ ਬੱਚੇ ਦੀ ਦੇਖਭਾਲ ਦਾ ਪ੍ਰਬੰਧ ਕਰ ਸਕਦੇ ਹੋ

**ਫ਼ੰਡ ਪ੍ਰਾਪਤ ਪ੍ਰੀ-ਸਕੂਲ ਪੜ੍ਹਾਈ ਲਈ ਸਥਾਨ ਕਿਸ ਨੂੰ ਮਿਲ ਸਕਦਾ ਹੈ ?**

ਤੁਸੀਂ ਆਪਣੇ ਲਈ ਇੱਕ ਫ਼ੰਡ ਪ੍ਰਾਪਤ ਪਾਰਟ-ਟਾਈਮ ਸਥਾਨ ਲਈ, ਸਕਾਟਿਸ਼ ਐਗਜ਼ੈਕਟਿਵ (Scottish Executive) ਵਲੋਂ ਜਾਰੀ ਕੀਤੇ ਗਏ ਮਾਰਗ ਦਰਸ਼ਕ ਨਿਯਮਾਂ ਅਨੁਸਾਰ, ਮੋਟੇ ਤੌਰ 'ਤੇ ਬੱਚੇ ਦੇ ਤੀਜੇ ਜਨਮ ਦਿਨ ਤੋਂ ਬਾਅਦ ਸ਼ੁਰੂ ਹੋਣ ਵਾਲੀ ਸਕੂਲ ਦੀ ਟਰਮ ਦੇ ਆਰੰਭ ਤੋਂ ਹੱਕਦਾਰ ਹੋ। ਬੱਚੇ ਦੇ ਹੱਕਦਾਰ ਹੋਣ ਦੀ ਠੀਕ ਤਾਰੀਖ਼ ਕਾਨੂੰਨ ਵਿੱਚ ਦਰਜ ਹੈ - ਇਸਨੂੰ ਪੇਅਰੈਂਟਜ਼ੋਨ (Parentzone) ਵੈੱਬਸਾਈਟ (www.parentzonescotland.gov.uk) 'ਤੇ ਹੋਰ ਸਪੱਸ਼ਟ ਕੀਤਾ ਗਿਆ ਹੈ। ਆਪਣੀ ਸਥਾਨਕ ਚਾਈਲਡਕੇਅਰ ਇਨਫ਼ਰਮੇਸ਼ਨ ਸਰਵਿਸ (Childcare Information Service) (www.scottishchildcare.gov.uk) ਤੋਂ ਪਤਾ ਕਰੋ ਕਿ ਤੁਹਾਡੇ ਬੱਚੇ ਨੂੰ ਤੁਹਾਡੇ ਇਲਾਕੇ ਵਿੱਚ ਕਿੱਥੇ ਸਥਾਨ ਮਿਲ ਸਕਦਾ ਹੈ।

ਪ੍ਰੀ-ਸਕੂਲ ਪੜ੍ਹਾਈ ਨਿਮਨ ਲਿਖਤ ਵਿੱਚ ਹੋ ਸਕਦੀ ਹੈ:

- ਇੱਕ ਸਥਾਨਕ ਅਥਾਰਿਟੀ ਦਾ ਨਰਸਰੀ ਸਕੂਲ
- ਇੱਕ ਪ੍ਰਾਇਮਰੀ ਸਕੂਲ ਦੀ ਨਰਸਰੀ ਕਲਾਸ
- ਇੱਕ ਸਥਾਨਕ ਅਥਾਰਿਟੀ ਦੀ ਜਾਂ ਪ੍ਰਾਈਵੇਟ ਦਿਨ ਵੇਲੇ ਦੀ ਨਰਸਰੀ
- ਇੱਕ ਸੁਤੰਤਰ ਸਕੂਲ ਨਰਸਰੀ
- ਇੱਕ ਪਲੇਅਗਰੁੱਪ
- ਇੱਕ ਰਜਿਸਟਰਡ ਚਾਈਲਡਮਾਈਂਡਰ

**ਕੀ ਬੱਚਿਆਂ ਦੀ ਦੇਖਭਾਲ ਦੀਆਂ ਸਾਰੀਆਂ ਸੇਵਾਵਾਂ ਫ਼ੰਡ ਪ੍ਰਾਪਤ ਪ੍ਰੀ-ਸਕੂਲ ਪੜ੍ਹਾਈ ਲਈ ਥਾਵਾਂ ਪੇਸ਼ ਕਰਦੀਆਂ ਹਨ ?**

ਨਹੀਂ। ਥਾਵਾਂ ਸੌਂਪਣ ਦਾ ਕੰਮ ਸਥਾਨਕ ਅਥਾਰਿਟੀਆਂ ਦੇ ਹੱਥ ਵਿੱਚ ਹੈ ਅਤੇ ਸੈਂਟਰਾਂ ਲਈ ਉਨ੍ਹਾਂ ਨਾਲ ਮਿਲਕੇ ਕੰਮ ਕਰਨਾ ਜ਼ਰੂਰੀ ਹੈ। ਤੁਸੀਂ ਆਪਣੀ ਸਥਾਨਕ ਚਾਈਲਡਕੇਅਰ ਇਨਫ਼ਰਮੇਸ਼ਨ ਸਰਵਿਸ (Childcare Information Service) ਕੋਲੋਂ ਪੱਕਾ ਪਤਾ ਕਰ ਸਕਦੇ ਹੋ, ਜਾਂ ਆਪਣੇ ਬਾਲ-ਦੇਖਭਾਲ ਪ੍ਰਦਾਤਾ ਕੋਲੋਂ ਪੁੱਛ ਸਕਦੇ ਹੋ ਕਿ ਕਿਹੜੀਆਂ ਸੇਵਾਵਾਂ ਪਾਰਟ-ਟਾਈਮ ਸਥਾਨ ਮੁਹੱਈਆ ਕਰਦੀਆਂ ਹਨ। ਤੁਸੀਂ ਦੇਖੋ ਕਿ ਤੁਹਾਡੇ ਇਲਾਕੇ ਵਿੱਚ ਕੀ ਉਪਲਬਧ ਹੈ ਅਤੇ ਫ਼ੈਸਲਾ ਕਰੋ ਕਿ ਕਿਹੜੀ ਸੇਵਾ ਤੁਹਾਡੇ ਬੱਚੇ ਦੀਆਂ ਜ਼ਰੂਰਤਾਂ ਲਈ ਸਭ ਤੋਂ ਵੱਧ ਢੁਕਵੀਂ ਹੈ। ਦੇਸ਼ ਦੇ ਕੁਝ ਹਿੱਸਿਆਂ ਵਿੱਚ ਪ੍ਰੀ-ਸਕੂਲ ਪੜ੍ਹਾਈ ਗੇਲਿਕ (Gaelic) ਵਿੱਚ ਉਪਲਬਧ ਹੋਵੇਗੀ।

**ਪ੍ਰੀ-ਸਕੂਲ ਪੜ੍ਹਾਈ ਲਈ ਸਥਾਨ ਵਾਸਤੇ ਅਦਾਇਗੀ ਕਿਵੇਂ ਕੀਤੀ ਜਾਂਦੀ ਹੈ ?**

ਜੇ ਤੁਹਾਡਾ ਬਾਲ-ਦੇਖਭਾਲ ਪ੍ਰਦਾਤਾ ਫ਼ੰਡ ਪ੍ਰਾਪਤ ਸਥਾਨ ਮੁਹੱਈਆ ਕਰਦਾ ਹੈ, ਤਾਂ ਉਸਨੂੰ ਸਥਾਨਕ ਅਥਾਰਿਟੀ ਤੋਂ ਫ਼ੰਡਿੰਗ ਮਿਲੇਗੀ, ਅਤੇ ਇਸ ਤਰ੍ਹਾਂ ਉਹ ਤੁਹਾਨੂੰ ਮੁਫ਼ਤ ਪਾਰਟ-ਟਾਈਮ ਸਥਾਨ ਦੇ ਸਕਦਾ ਹੈ। ਤੁਹਾਡਾ ਮੁਢਲੀ ਪੜ੍ਹਾਈ ਪ੍ਰਦਾਤਾ ਜਾਂ ਚਾਈਲਡਕੇਅਰ ਇਨਫ਼ਰਮੇਸ਼ਨ ਸਰਵਿਸ (Childcare Information Service), ਇਸ ਮੁਫ਼ਤ ਸਥਾਨ ਤੋਂ ਪਹਿਲਾਂ ਜਾਂ ਬਾਅਦ ਵਿੱਚ, ਬੱਚੇ ਦੀ ਦੇਖਭਾਲ ਲਈ ਚਾਰਜ ਕੀਤੀ ਜਾ ਸਕਣ ਵਾਲੀ ਫ਼ੀਸ ਬਾਰੇ ਹੋਰ ਜਾਣਕਾਰੀ ਦੇਣ ਦੇ ਯੋਗ ਹੋਣੇ ਚਾਹੀਦੇ ਹਨ।

**ਪ੍ਰੀ-ਸਕੂਲ ਪੜ੍ਹਾਈ ਪ੍ਰਦਾਨ ਕਰਨ ਵਾਲੇ ਸੈਂਟਰਾਂ ਲਈ ਰਜਿਸਟਰੇਸ਼ਨ ਅਤੇ ਇਨਸਪੈਕਸ਼ਨ ਤੋਂ ਕੀ ਭਾਵ ਹੈ ?**

ਪ੍ਰੀ-ਸਕੂਲ ਪੜ੍ਹਾਈ ਲਈ ਸਥਾਨ ਦੇਣ ਵਾਲੇ ਸੈਂਟਰ ਜ਼ਰੂਰੀ ਤੌਰ 'ਤੇ ਕੇਅਰ ਕਮਿਸ਼ਨ (Care Commission) ਕੋਲ ਰਜਿਸਟਰਡ ਹੋਣੇ ਚਾਹੀਦੇ ਹਨ, ਅਤੇ ਉਨ੍ਹਾਂ ਦੀ ਨਿਯਮਤ ਤੌਰ 'ਤੇ ਕੇਅਰ ਕਮਿਸ਼ਨ (Care Commission) ਅਤੇ HM ਇਨਸਪੈਕਟੋਰੇਟ ਆਫ਼ ਐਜੂਕੇਸ਼ਨ (HM Inspectorate of Education) ਵਲੋਂ ਸਾਂਝੀ ਇਨਸਪੈਕਸ਼ਨ ਕੀਤੀ ਜਾਣੀ ਚਾਹੀਦੀ ਹੈ। ਸਟਾਫ਼, 3 - 5 ਸਾਲ ਦੇ ਬੱਚਿਆਂ ਦੀ ਪੜ੍ਹਾਈ ਲਈ ਮਾਰਗ ਦਰਸ਼ਨ ਦੇ ਕੌਮੀ ਨਿਯਮਾਂ ਦੀ ਪਾਲਣਾ ਕਰੇਗਾ, ਜੋ ਖੇਡ ਦੁਆਰਾ ਪੜ੍ਹਾਈ ਨੂੰ ਉਤਸ਼ਾਹ ਦੇਣ ਵਾਲੇ ਹਨ, ਅਤੇ ਸੇਵਾ ਲਈ 16 ਸਾਲ ਦੀ ਉਮਰ ਤਕ ਮੁਢਲੀ ਪੜ੍ਹਾਈ ਅਤੇ ਬੱਚੇ ਦੀ ਦੇਖਭਾਲ ਸੇਵਾ ਦੇ ਨੈਸ਼ਨਲ ਕੇਅਰ ਸਟੈਂਡਰਡ (National Care Standards) ਪੂਰੇ ਕਰਨਾ ਜ਼ਰੂਰੀ ਹੈ। ਇਹ ਸਟੈਂਡਰਡ, ਸਕਾਟਿਸ਼ ਐਗਜ਼ੈਕਟਿਵ (Scottish Executive) ਵਲੋਂ ਨਿਰਧਾਰਤ ਕੀਤੇ ਜਾਂਦੇ ਹਨ।

ਤੁਸੀਂ ਪ੍ਰਦਾਤਾ ਦੀਆਂ ਤਾਜ਼ਾ ਇਨਸਪੈਕਸ਼ਨ ਰਿਪੋਰਟਾਂ ਦੇਖਣ ਦੀ ਮੰਗ ਕਰ ਸਕਦੇ ਹੋ, ਜਾਂ ਨਿਮਨਲਿਖਤ ਵੈੱਬਸਾਈਟਾਂ ਚੈੱਕ ਕਰੋ:

| | |
|---|---|
| www.carecommission.com | ਕੇਅਰ ਕਮਿਸ਼ਨ (Care Commission) ਦੀ ਵੈੱਬਸਾਈਟ |
| www.hmie.gov.uk | HM ਇਨਸਪੈਕਟੋਰੇਟ ਆਫ਼ ਐਜੂਕੇਸ਼ਨ (HM Inspectorate of Education) ਦੀ ਵੈੱਬਸਾਈਟ |

ਵੱਖ ਵੱਖ ਸੇਵਾਵਾਂ ਵਿੱਚ ਸਟਾਫ਼ ਦੀ ਗਿਣਤੀ ਵੱਖੋ ਵੱਖਰੀ ਹੁੰਦੀ ਹੈ, ਪਰ ਹਰ 10 ਬੱਚਿਆਂ ਲਈ ਸਟਾਫ਼ ਦਾ ਘੱਟੋ ਘੱਟ ਇੱਕ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ।

**ਪਾਰਟ-ਟਾਈਮ ਸਥਾਨ ਕਿਸ ਸਮੇਂ ਉਪਲਬਧ ਹੋਵੇਗਾ ?**

ਹੱਕਦਾਰੀ ਪ੍ਰਤਿ ਸਾਲ 475 ਘੰਟੇ ਲਈ ਹੈ। ਇਹ ਆਮ ਕਰਕੇ ਸਕੂਲ ਟਰਮ ਦੇ ਸਮੇਂ ਦੌਰਾਨ, ਰੋਜ਼ਾਨਾ ਸਵੇਰੇ ਜਾਂ ਦੁਪਹਿਰ ਬਾਅਦ 2 ½ ਘੰਟੇ ਦੇ ਸੈਸ਼ਨ ਲਈ ਹੁੰਦਾ ਹੈ। ਤੁਸੀਂ ਆਪਣੇ ਬੱਚੇ ਦੀ ਲੋੜ ਅਨੁਸਾਰ ਜਾਂ ਆਪਣੇ ਕੰਮ ਦੇ ਸਮੇਂ ਦੇ ਅਨੁਕੂਲ ਢੁਕਵੇਂ ਸੈਸ਼ਨ ਲੈ ਸਕਦੇ ਹੋ।

ਮਿਸਾਲ ਵਜੋਂ ਹੋ ਸਕਦਾ ਹੈ ਕਿ ਤੁਸੀਂ ਦੋ ਦਿਨਾਂ ਲਈ ਇੱਕ ਦਿਨ ਵਿੱਚ ਦੋ ਸੈਸ਼ਨ ਅਤੇ ਫਿਰ ਕਿਸੇ ਹੋਰ ਦਿਨ ਇੱਕ ਸੈਸ਼ਨ ਲੈਣਾ ਚਾਹੋ। ਜੇ ਤੁਸੀਂ ਸੈਸ਼ਨਾਂ ਦਾ ਇੱਕ ਵੱਖਰਾ ਢੰਗ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੀ ਸਥਾਨਕ ਅਥਾਰਿਟੀ ਨਾਲ ਵਿਚਾਰ ਕਰਨਾ ਚਾਹੀਦਾ ਹੈ। ਜੇ ਤੁਸੀਂ ਕੰਮ ਕਰਦੇ ਹੋ ਜਾਂ ਤੁਹਾਡੀਆਂ ਹੋਰ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਤੁਹਾਡੇ ਬੱਚੇ ਨੂੰ ਸੈਂਟਰ ਵਿੱਚ ਜ਼ਿਆਦਾ ਵਕਤ ਰਹਿਣ ਦੀ ਜ਼ਰੂਰਤ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਇਸ ਵਧੀਕ ਸਮੇਂ ਲਈ ਅਦਾਇਗੀ ਕਰਨਾ ਚਾਹੋ। ਤੁਸੀਂ, ਆਪਣੇ ਬੱਚੇ ਨੂੰ ਸੈਂਟਰ ਵਿੱਚ ਪਹੁੰਚਾਉਣ ਜਾਂ ਉੱਥੋਂ ਲਿਆਉਣ ਦੇ ਕੰਮ ਲਈ ਇੱਕ ਚਾਈਲਡਮਾਈਂਡਰ ਨੂੰ ਵੀ ਫ਼ੀਸ ਦੇ ਸਕਦੇ ਹੋ।

Scottish Childcare
Your one stop shop for childcare information in Scotland

**ਮੈਂ ਆਪਣੇ ਬੱਚੇ ਲਈ ਪ੍ਰੀ-ਸਕੂਲ ਪੜ੍ਹਾਈ ਦਾ ਸਥਾਨ ਕਿਵੇਂ ਢੂੰਡਾਂ ?**

ਤੁਸੀਂ, ਆਪਣੀ ਸਥਾਨਕ ਚਾਈਲਡਕੇਅਰ ਇਨਫ਼ਰਮੇਸ਼ਨ ਸਰਵਿਸ (Childcare Information Service) (www.scottishchildcare.gov.uk) ਕੋਲੋਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਉਹ ਤੁਹਾਨੂੰ ਆਪਣੇ ਸਥਾਨਕ ਵਿਕਲਪਾਂ ਦਾ ਪਤਾ ਲਾਉਣ ਵਿੱਚ ਮਦਦ ਦੇਣਗੇ ਅਤੇ ਜੇ ਤੁਹਾਨੂੰ ਆਪਣੇ ਕੰਮ ਦੇ ਘੰਟਿਆਂ ਦੇ ਅਨੁਕੂਲ ਵਧੀਕ ਬਾਲ ਦੇਖਭਾਲ ਦੀ ਜ਼ਰੂਰਤ ਹੈ ਤਾਂ ਉਸ ਵਿੱਚ ਵੀ ਤੁਹਾਡੀ ਮਦਦ ਕਰਨਗੇ।

ਜਾਣਕਾਰੀ ਆਮ ਕਰਕੇ ਸਥਾਨਕ ਅਥਾਰਿਟੀ ਦੀਆਂ ਵੈੱਬਸਾਈਟਾਂ 'ਤੇ ਵੀ ਉਪਲਬਧ ਹੈ।

**ਸਕੂਲ ਦੀ ਪੜ੍ਹਾਈ ਸ਼ੁਰੂ ਕਰਨੀ**

ਬੱਚੇ ਅਗਸਤ ਵਿੱਚ ਜਦੋਂ ਉਨ੍ਹਾਂ ਦੀ ਉਮਰ 4 ½ ਤੋਂ 5 ½ ਸਾਲ ਦੇ ਵਿੱਚ ਹੋਵੇ, ਪ੍ਰਾਇਮਰੀ ਸਕੂਲ ਵਿੱਚ ਪੜ੍ਹਾਈ ਸ਼ੁਰੂ ਕਰ ਸਕਦੇ ਹਨ। ਮਾਤਾ-ਪਿਤਾ ਨੂੰ ਆਪਣੇ ਬੱਚੇ ਦਾ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ, ਅੱਗੇ ਪਾਉਣ ਦਾ ਹੱਕ ਹੈ, ਬਸ਼ਰਤੇ ਕਿ ਉਹ ਜਦੋਂ ਸਕੂਲ ਜਾਣਾ ਸ਼ੁਰੂ ਕਰੇ, ਤਾਂ ਉਹ ਅਜੇ 5 ਸਾਲ ਦਾ ਹੀ ਹੋਵੇ।

ਜਿਨ੍ਹਾਂ ਮਾਤਾ-ਪਿਤਾ ਦੇ ਬੱਚਿਆਂ ਦੇ ਜਨਮ ਦਿਨ ਜਨਵਰੀ ਜਾਂ ਫ਼ਰਵਰੀ ਵਿੱਚ ਹਨ, ਅਤੇ ਜੋ ਆਪਣੇ ਬੱਚੇ ਦਾ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਅੱਗੇ ਪਾਉਣ ਦੀ ਚੋਣ ਕਰਦੇ ਹਨ, ਉਨ੍ਹਾਂ ਨੂੰ ਮੁਫ਼ਤ, ਪਾਰਟ ਟਾਈਮ ਪ੍ਰੀ-ਸਕੂਲ ਸਥਾਨ ਹੋਰ ਇੱਕ ਸਾਲ ਜਾਰੀ ਰੱਖਣ ਦਾ ਹੱਕ ਹੈ। ਬੱਚੇ, <u>ਉਨ੍ਹਾਂ ਦੇ ਪੰਜਵੇਂ ਜਨਮ ਦਿਨ ਤੋਂ ਬਾਅਦ</u> ਅਗਸਤ ਵਿੱਚ ਸਕੂਲ ਜਾਣਾ ਸ਼ੁਰੂ ਕਰਨਗੇ। ਪਰ ਜਿਨ੍ਹਾਂ ਬੱਚਿਆਂ ਦੇ ਜਨਮ ਦਿਨ ਸਤੰਬਰ ਤੋਂ ਦਸੰਬਰ ਤਕ ਦੇ ਸਮੇਂ ਦੌਰਾਨ ਹਨ, ਉਨ੍ਹਾਂ ਦਾ ਪ੍ਰੀ-ਸਕੂਲ ਪੜ੍ਹਾਈ ਹੋਰ ਇੱਕ ਸਾਲ ਲਈ ਜਾਰੀ ਰਖ ਸਕਣਾ ਸਥਾਨਕ ਅਥਾਰਿਟੀਆਂ ਦੀ ਮਰਜ਼ੀ 'ਤੇ ਨਿਰਭਰ ਹੋਵੇਗਾ। ਜੇ ਤੁਸੀਂ ਪ੍ਰਾਇਮਰੀ ਸਕੂਲ ਵਿੱਚ ਆਪਣੇ ਬੱਚੇ ਦੇ ਦਾਖ਼ਲੇ ਨੂੰ ਅੱਗੇ ਪਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਬਾਰੇ ਆਪਣੀ ਸਥਾਨਕ ਅਥਾਰਿਟੀ ਦੇ ਵਿਦਿਆ ਵਿਭਾਗ ਨਾਲ ਗੱਲ ਕਰਨੀ ਚਾਹੀਦੀ ਹੈ। ਪ੍ਰੀ-ਸਕੂਲ ਪੜ੍ਹਾਈ ਲਈ ਹੱਕਦਾਰੀ ਅਤੇ ਸਕੂਲ ਜਾਣਾ ਸ਼ੁਰੂ ਕਰਨ ਬਾਰੇ ਹੋਰ ਜਾਣਕਾਰੀ, ਪੇਅਰੈਂਟਜ਼ੋਨ (Parentzone) ਵੈੱਬਸਾਈਟ (www.parentzonescotland.gov.uk) 'ਤੇ ਉਪਲਬਧ ਹੈ।

**ਹੋਰ ਸੂਚਨਾ ਹਾਸਲ ਕਰਨਾ**

ਤੁਸੀਂ ਆਪਣੀ ਸਥਾਨਕ ਚਾਈਲਡਕੇਅਰ ਇਨਫ਼ਰਮੇਸ਼ਨ ਸਰਵਿਸ (Childcare Information Service) ਕੋਲੋਂ ਹੇਠ ਲਿਕੇ ਨੁਕਤਿਆਂ ਬਾਰੇ ਸੂਚਨਾ ਲੈ ਸਕਦੇ ਹੋ :

- ਆਪਣੇ ਤਿੰਨ ਜਾਂ ਚਾਰ ਸਾਲ ਦੇ ਬੱਚੇ ਲਈ ਫ਼ੰਡ ਪ੍ਰਾਪਤ ਪ੍ਰੀ-ਸਕੂਲ ਪੜ੍ਹਾਈ ਲਈ ਸਥਾਨਾਂ ਬਾਰੇ
- ਕਿਹੜੀਆਂ ਸੇਵਾਵਾਂ ਮੁਫ਼ਤ ਸਥਾਨ ਪ੍ਰਦਾਨ ਕਰਨ ਲਈ ਰਜਿਸਟਰਡ ਹਨ
- ਸੇਵਾਵਾਂ ਨੂੰ ਇਸ ਤਰ੍ਹਾਂ ਨਾਲ ਮਿਲਾ ਕੇ ਵਰਤੋਂ ਕਰਨ ਸੰਬੰਧੀ ਸਲਾਹ ਕਿ ਤੁਹਾਡੇ ਬੱਚੇ ਨੂੰ ਫ਼ਾਇਦਾ ਹੋਵੇ ਅਤੇ ਤੁਹਾਡੇ ਕੰਮ ਦੇ ਘੰਟਿਆਂ ਨਾਲ ਵੀ ਮੇਲ ਖਾਵੇ